# ਜੈਸੀ ਕਰਨੀ ਵੈਸੀ ਭਰਨੀ

ਇੱਕ ਵਾਰ ਇੱਕ ਲੂੰਬੜੀ ਅਤੇ ਸਾਰਸ ਵਿੱਚ ਚੰਗੀ ਦੋਸਤੀ ਹੋ ਗਈ। ਇੱਕ ਦਿਨ ਲੂੰਬੜੀ ਨੇ ਸਾਰਸ ਨੂੰ ਖਾਣੇ ਉੱਤੇ ਬੁਲਾਇਆ ਅਤੇ ਕਿਹਾ, "ਪਿਆਰੇ ਦੋਸਤ! ਮੈਨੂੰ ਬਹੁਤ ਖੁਸ਼ੀ ਹੋਵੇਗੀ ਜੇ ਤੂੰ ਅੱਜ ਰਾਤ ਖਾਣੇ ਉੱਤੇ ਮੇਰੇ ਘਰ ਆਵੇਂ।" ਸਾਰਸ ਨੇ ਉਸਦੀ ਬੇਨਤੀ ਮੰਨ ਲਈ ਅਤੇ ਮਿੱਥੇ ਸਮੇਂ ਉੱਤੇ ਲੂੰਬੜੀ ਦੇ ਘਰ ਪਹੁੰਚ ਗਿਆ। ਲੂੰਬੜੀ ਨੇ ਉਸਨੂੰ ਬੜੇ ਪਿਆਰ ਨਾਲ ਬਿਠਾਇਆ ਅਤੇ ਕਾਫੀ ਚੌੜੇ ਅਤੇ ਵੱਡੇ ਬਰਤਨ ਵਿੱਚ ਖਾਣਾ ਪਰੋਸ ਦਿੱਤਾ ਅਤੇ ਸਾਰਸ ਨੂੰ ਖਾਣ ਲਈ ਕਿਹਾ।



ਲੂੰਬੜੀ ਤਾਂ ਫਟਾਫਟ ਖਾਣਾ ਖਾਈ ਜਾ ਰਹੀ ਸੀ ਪਰ ਸਾਰਸ ਤੋਂ ਆਪਣੀ ਲੰਬੀ ਚੁੰਝ ਹੋਣ ਕਰਕੇ ਚੌੜੇ ਬਰਤਨ ਵਿੱਚ ਖਾਣਾ ਨਹੀਂ ਖਾਇਆ ਜਾ ਰਿਹਾ ਸੀ। ਉਹ ਵਿਚਾਰਾ ਭੁੱਖਾ ਹੀ ਰਹਿ ਗਿਆ। ਉਸਨੇ ਲੂੰਬੜੀ ਦਾ ਧੰਨਵਾਦ ਕੀਤਾ ਅਤੇ ਉਸਨੂੰ ਅਗਲੇ ਦਿਨ ਆਪਣੇ ਘਰ ਖਾਣੇ ਉੱਤੇ ਬੁਲਾ ਲਿਆ। ਲੂੰਬੜੀ ਝੱਟ ਰਾਜ਼ੀ ਹੋ ਗਈ।

ਅਗਲੇ ਦਿਨ ਲੂੰਬੜੀ ਸਾਰਸ ਦੇ ਘਰ ਪਹੁੰਚ ਗਈ। ਸਾਰਸ ਨੇ ਖੀਰ ਬਣਾਈ ਹੋਈ ਸੀ। ਲੂੰਬੜੀ ਦੇ ਮੂੰਹ ਵਿੱਚ ਪਾਣੀ ਆ ਗਿਆ। ਸਾਰਸ ਨੇ ਤੰਗ ਮੂੰਹ ਵਾਲੇ ਲੰਬੇ ਬਰਤਨਾਂ ਵਿੱਚ ਖੀਰ ਲਿਆ ਕੇ ਪਰੋਸ ਦਿੱਤੀ। ਉਸਨੇ ਲੂੰਬੜੀ ਨੂੰ ਖਾਣਾ ਸ਼ੁਰੂ ਕਰਨ ਲਈ ਕਿਹਾ ਅਤੇ ਆਪ ਵੀ ਖਾਣ ਲੱਗ ਪਿਆ।

ਸਾਰਸ ਤਾਂ ਬੜੇ ਮਜ਼ੇ ਨਾਲ ਖੀਰ ਖਾ ਰਿਹਾ ਸੀ। ਪਰ ਬਰਤਨ ਦਾ ਮੂੰਹ ਤੰਗ ਹੋਣ ਕਰਕੇ ਲੂੰਬੜੀ ਦਾ ਮੂੰਹ ਖੀਰ ਤੱਕ ਨਹੀਂ ਪਹੁੰਚ ਰਿਹਾ ਸੀ। ਜਿਸ ਕਰਕੇ ਉਹ ਕੁਝ ਨਾ ਖਾ ਸਕੀ। ਉਸਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਕਿ, ਉਸ ਨੂੰ ਸਾਰਸ ਨਾਲ ਅਜਿਹਾ ਧੋਖਾ ਨਹੀਂ ਕਰਨਾ ਚਾਹੀਦਾ ਸੀ। ਉਸਨੇ ਆਪਣੀ ਕਰਨੀ ਦਾ ਹੀ ਫ਼ਲ ਪਾਇਆ ਹੈ।

© Vismaad